# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ
# ਮਿਤੀ **6.12.2019**
# ਦੀ ਕਾਰਵਾਈ

(ਮਤਾ ਨੰ: **198-206**)

ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 6.12.2019 ਨੂੰ ਮੇਅਰ ਜੀ ਦੇ ਦਫਤਰ, ਨਗਰ ਨਿਗਮ ਵਿਖੇ, ਉਹਨਾਂ ਦੀ ਪ੍ਰਧਾਨਗੀ ਹੇਠ ਹੋਈ, ਦੀ ਕਾਰਵਾਈ।

ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................ ਚੇਅਰਮੈਨ
2. ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ, ............. ਮੈਂਬਰ
3. ਸ਼੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ .................. ਮੈਂਬਰ
4. ਸ਼੍ਰੀ ਗਿਆਨ ਚੰਦ, ਕੌਂਸਲਰ ........................................ ਮੈਂਬਰ
5. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ .............. ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
6.12.2019

**ਮਤਾ ਨੰਬਰ:-198**
ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 21.11.2019 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 21.11.2019 ਨੂੰ ਮੇਅਰ ਜੀ ਦੇ ਦਫਤਰ ਨਗਰ ਨਿਗਮ ਜਲੰਧਰ ਵਿਖੇ ਹੋਈ, ਦੀ ਕਾਰਵਾਈ ਜੋ ਕੌਂਸਲਰ/ਮੈਂਬਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ।

ਫੈਸਲਾ:

- ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 26.9.2019 ਦੀ ਮੱਦ ਨੰ: 138(1) ਸਬੰਧੀ ਦੋਵੇਂ ਡੀ.ਸੀ.ਐਫ.ਏਜ਼ ਨੂੰ ਰਿਪੋਰਟ ਕਰਨ ਲਈ ਹਦਾਇਤ ਕੀਤੀ ਗਈ ਸੀ ਜ਼ੋ ਕਿ ਉਹਨਾਂ ਵਲੋਂ ਰਿਪੋਰਟ ਕਰਕੇ ਮੇਅਰ ਜੀ ਨੂੰ ਭੇਜ਼ ਦਿੱਤੀ ਗਈ ਹੈ ਅਤੇ ਅੱਜ ਦੀ ਮੀਟਿੰਗ ਵਿੱਚ ਅਜੰਡੇ ਤੋਂ ਬਾਹਰੋਂ ਲੀਤੀ ਗਈ ।
- ਸੰਯੁਕਤ ਕਮਿਸ਼ਨਰ(ਆਰ) ਵਲੋਂ ਦੱਸਿਆ ਗਿਆ ਕਿ ਪਿਛਲੀ ਮੀਟਿੰਗ ਦੇ ਫੈਸਲੇ ਅਨੁਸਾਰ ਦਫ਼ਤਰ ਵਿੱਚ ਕੰਮ ਕਰਦੇ 13 ਸੀਵਰਮੈਨਾਂ ਦੀ ਤੈਨਾਤੀ ਜ਼ੋਨਾਂ ਵਿੱਚ ਕਰ ਦਿੱਤੀ ਗਈ ਹੈ । ਜਿਸ ਤੇ ਕਮੇਟੀ ਨੇ ਹਦਾਇਤ ਕੀਤੀ ਕਿ ਇਹਨਾਂ ਨੂੰ ਰਲੀਵ ਕਰਨ ਸਬੰਧੀ ਰਿਪੋਰਟ ਅਗਲੀ ਮੀਟਿੰਗ ਵਿੱਚ ਦੱਸੀ ਜਾਵੇ ।
- ਪਿਛਲੀ ਮੀਟਿੰਗ ਦੀ ਮੱਦ ਨੰ: 190 ਸਬੰਧੀ ਐਸ.ਈ. (ਓ ਐਂਡ ਐਮ) ਨੇ ਦੱਸਿਆ ਕਿ ਸਬੰਧਤ ਫਰਮ ਕੋਲੋਂ ਦਸਤਾਵੇਜ਼ ਮੰਗਵਾਏ ਗਏ ਹਨ । ਦਸਤਾਵੇਜ਼ ਆਉਣ ਉਪਰੰਤ ਰਿਪੋਰਟ ਕਮੇਟੀ ਨੂੰ ਪੇਸ਼ ਕਰ ਦਿੱਤੀ ਜਾਵੇਗੀ ।
- ਪਿਛਲੀ ਮੀਟਿੰਗ ਦੀ ਮੱਦ ਨੰ: 194 ਸਬੰਧੀ ਦੋਵੇਂ ਡੀ.ਸੀ.ਐਫ.ਏਜ਼ ਨੇ ਦੱਸਿਆ ਕਿ ਸਬੰਧਤ ਫਰਮ ਵਲੋਂ ਅਜੇ ਤੱਕ ਜਿਹੜੇ ਦਸਤਾਵੇਜ਼ ਮੰਗਵਾਏ ਗਏ ਸਨ ਉਹ ਪ੍ਰਾਪਤ ਨਹੀਂ ਹੋਏ । ਕਮੇਟੀ ਨੇ ਫੈਸਲਾ ਕੀਤਾ ਕਿ ਇੱਕ ਹੋਰ ਮੌਕਾ ਕੰਪਨੀ ਨੂੰ ਦਿੱਤਾ ਜਾਂਦਾ ਹੈ ਅਤੇ ਇਸ ਸਬੰਧੀ ਅਗਲੀ ਮੀਟਿੰਗ ਵਿੱਚ ਰਿਪੋਰਟ ਪੇਸ਼ ਕੀਤੀ ਜਾਵੇ ।

ਉਪਰੋਕਤ ਪ੍ਰੇਖਣਾਂ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
6.12.2019

**ਮਤਾ ਨੰਬਰ:-199**

ਵਿਸਾ:- ਕਨਸਟਰਕਸ਼ਨ ਆਫ ਟੈਂਪਰੇਰੀ ਡਿਸਪੋਜਲ ਐਟ ਵਿਲੇਜ਼ ਰੇਰੂ ਦੇ ਕੰਮ ਦੇ ਤਖਮੀਨੇ ਵਿੱਚ 25% ਵਾਧਾ ਕਰਨ ਬਾਰੇ।

| | |
|---|---|
| ਤਖਮੀਨਾਂ ਰੁਪਏ | 4,89,582/- |
| ਸੋਧਿਆ ਤਖਮੀਨਾ ਰੁਪਏ | 6,08,346/- |
| ਅਜੰਸੀ ਦਾ ਨਾਮ | ਮੈਸ: ਨਾਹਲ ਕੌ-ਆਪ ਐਲ.ਸੀ. ਸੁਸਾਇਟੀ, ਮੋਗਾ। |

ਉਪਰੋਕਤ ਵਿਸ਼ੇ ਤੇ ਕੰਮ ਕਰਵਾਉਣ ਲਈ ਤਖਮੀਨਾ ਰੁਪਏ 4,89,582/- ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 168(1) ਮਿਤੀ 18.10.2018 ਰਾਹੀਂ ਦਿੱਤੀ ਸੀ। ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 11.06.2019 ਲਈ ਈ.ਪੀ.ਐਫ ਰਜਿਸਟਰਡ ਠੇਕੇਦਾਰਾਂ/ ਸੂਚੀਬੱਧ ਕੌ.ਆਪ ਐਲ.ਸੀ ਸੁਸਾਇਟੀਆਂ ਤੋਂ ਮੰਗੇ ਗਏ ਤੇ ਕੁੱਲ 3 ਸੁਸਾਇਟੀਆਂ ਦੇ ਟੈਂਡਰ ਪ੍ਰਾਪਤ ਹੋਏ, ਜਿਨ੍ਹਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਸੁਸਾਇਟੀ ਦੇ ਟੈਂਡਰ ਰੇਟ ਘੱਟ ਪਾਏ ਗਏ, ਜਿਸ ਨੇ ਵਿਸ਼ੇ ਅਧੀਨ ਕੰਮ 7.13% ਦੀ ਸੇਵਿੰਗ ਨਾਲ ਰੁਪਏ 4,89,582/- ਦੇ ਵਿਰੁੱਧ 4,54,674/- ਵਿੱਖ ਕਰਨਾ ਸੀ, ਜਿਸ ਨੂੰ ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰਬਰ 95(2) ਮਿਤੀ 28.06.2019 ਪ੍ਰਵਾਨ ਕੀਤਾ ਗਿਆ ਸੀ।

ਸੋਸਾਇਟੀ ਨਾਲ ਇਕਰਾਰਨਾਮਾ ਕਰਨ ਉਪਰੰਤ ਵਰਕ ਆਰਡਰ ਨੰਬਰ **CE/235** ਮਿਤੀ 10.07.2019 ਜਾਰੀ ਕੀਤਾ ਗਿਆ ਤੇ ਕੰਮ ਨੂੰ ਮਕੰਮਲ ਕਰਨ ਲਈ 2 ਮਹੀਨੇ ਦਾ ਸਮਾਂ ਦਿਤਾ ਗਿਆ। ਅਜੰਸੀ ਵਲੋਂ ਮੋਕੇ ਤੇ ਕੰਮ ਸ਼ੁਰੂ ਕੀਤਾ ਹੋਇਆ ਹੈ। ਇਥੇ ਇਹ ਦਸਣ ਯੋਗ ਹੈ ਕਿ ਮਾਨਯੋਗ ਐਮ.ਐਲ.ਏ ਸਾਹਿਬ ਜੀ ਦੇ ਹੁਕਮ ਅਤੇ ਪਬਲਿਕ ਹਿੱਤ ਨੂੰ ਮੁੱਖ ਰੱਖਦੇ ਹੋਏ ਟੈਂਪਰੇਰੀ ਡਿਸਪੋਜਲ ਲਈ ਟੈਂਪਰੇਰੀ ਸ਼ੈਡ ਬਣਾਉਣਾ ਜਰੂਰੀ ਹੈ ਅਤੇ ਮੋਕੇ ਤੇ ਡਲੀਵਰੀ ਪਾਇਪ ਵੀ ਤਖਮੀਨੇ ਨਾਲੋਂ ਵੱਧ ਪੈਣੀ ਹੈ, ਜਿਸ ਨਾਲ ਪ੍ਰਵਾਨਿਤ ਤਖਮੀਨੇ ਨਾਲੋਂ ਕੰਮ ਵੱਧ ਹੋਣ ਦੀ ਸੰਭਾਵਨਾ ਹੈ। ਇਸ ਲਈ ਉਪਰੋਕਤ ਕੰਮ ਲਈ ਦੋਬਾਰਾ ਸੋਧਿਆ ਤਖਮੀਨਾ ਰੁਪਏ 6,08,346/- ਦਾ ਤਿਆਰ ਕੀਤਾ ਗਿਆ ਹੈ ਜ਼ੋ ਕਿ 25% ਵੇਰੀਏਸ਼ਨ ਵਿੱਚ ਆਉਂਦਾ ਹੈ।

ਇਸ ਲਈ 25% ਸੋਧੇ ਹੋਏ ਤਖਮੀਨੇ ਰੁਪਏ 6,08,346/- ਦੀ ਪ੍ਰਵਾਨੱਗੀ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰੂਰਵ ਪ੍ਰਵਾਨੱਗੀ ਦੀ ਆਸ ਤੇ ਮੰਜੂਰੀ ਦਿੱਤੀ ਜਾਵੇ ਜੀ ਅਤੇ ਨਾਲ ਹੀ ਇਸ ਕੰਮ ਦੀ ਟਾਇਮ ਲਿਮਟ ਵਰਕ ਆਰਡਰ ਦੀ ਮਿਤੀ ਤੋਂ ਤਿੰਨ ਮਹੀਨੇ ਹੋਰ ਵਧਾਉਣ ਦੀ ਪ੍ਰਵਾਨਗੀ ਦਿੱਤੀ ਜਾਵੇ ਜੀ। ਕਾਰਜਕਾਰੀ ਇੰਜੀਨੀਅਰ (ਓ.ਐਂਡ.ਐਮ) ਨੇ ਤਜ਼ਵੀਜ਼ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਸਿਫਾਰਸ਼ ਕੀਤੀ ਹੈ । ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਮਿਤੀ 20.11.19 ਰਾਹੀਂ ਸਿਫਾਰਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 3.12.2019 ਰਾਹੀਂ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

6.12.2019

**ਮਤਾ ਨੰਬਰ:–200**

ਵਿਸ਼ਾ:– ਸਪਲਾਈ ਆਫ ਇਲੈਕਟ੍ਰਿਕਲ ਮਟੀਰਿਅਲ ਫਾਰ ਰਿਪੇਅਰ ਐਂਡ ਮੇਨਟੀਨੈਂਸ ਆਫ ਡਾ.ਬੀ.ਆਰ ਅੰਬੇਦਕਰ ਕੰਪਲੈਕਸ ਐਂਡ ਅਦਰ ਕਾਰਪੋਰੇਸ਼ਨ ਬਿਲਡਿੰਗ ਬਾਬਤ ਸਲਾਨਾ ਤਖਮੀਨੇ ਵਿੱਚ 25% ਵਾਧਾ ਕਰਨ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਨਗਰ ਨਿਗਮ ਦੇ ਡਾ.ਬੀ.ਆਰ ਅੰਬੇਦਕਰ ਕੰਪਲੈਕਸ ਅਤੇ ਨਗਰ ਨਿਗਮ ਦੀਆਂ ਹੋਰ ਬਿਲਡਿੰਗ ਦੇ ਵੱਖ–ਵੱਖ ਕਮਰਿਆਂ ਵਿੱਚ ਲਗੇ ਹੋਏ ਬਿਜਲੀ ਦੇ ਉਪਕਰਨ ਜਿਵੇਂ ਕਿ ਟਿਊਬਾਂ, ਪਖੇ ਅਤੇ ਵਾਇਰਿੰਗ ਦੀ ਰਿਪੇਅਰ ਵਾਸਤੇ ਬਿਜਲੀ ਦੇ ਸਮਾਨ ਦੀ ਸਪਲਾਈ ਵਾਸਤੇ ਸਲਾਨਾਂ ਤਖਮੀਨਾ ਰੁਪਏ 2,00,000/– ਦਾ ਤਿਆਰ ਕੀਤਾ ਗਿਆ ਸੀ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 68(10) ਮਿਤੀ 06.09.2017 ਰਾਹੀਂ ਦਿੱਤੀ ਸੀ। ਇਸ ਕੰਮ ਦੇ ਟੈਂਡਰ ਅਖਬਾਰਾਂ ਰਾਹੀਂ ਮਿਤੀ 28.11.2017 ਲਈ ਮੰਗੇ ਗਏ ਤੇ ਤਿੰਨ ਟੈਂਡਰ ਪ੍ਰਾਪਤ ਹੋਏ, ਜਿਨ੍ਹਾਂ ਦੀ ਤੁਲਨਾਤਮਕ ਸੂਚੀ ਤਿਆਰ ਕਰਨ ਉਪਰੰਤ ਘੱਟ ਰੇਟ ਦਾ ਟੈਂਡਰ ਮੈਸ: ਅਜੇ ਕੁਮਾਰ ਗੁਪਤਾ, ਠੇਕੇਦਾਰ ਦਾ ਪਾਇਆ ਗਿਆ, ਜਿਸ ਨੇ 3% ਸੇਵਿੰਗ ਨਾਲ ਇਹ ਕੰਮ ਤਖਮੀਨਾ ਰੁਪਏ 2,00,000/– ਦੇ ਵਿਰੁੱਧ ਰੁਪਏ 1,94,582/– ਵਿੱਚ ਕਰਨਾ ਸੀ। ਟੈਂਡਰ ਪ੍ਰਵਾਨਗੀ ਲਈ ਕੇਸ Tender Acceptance Committee ਨੂੰ ਭੇਜਿਆ ਗਿਆ, ਜਿਸ ਨੂੰ ਕਮਿਸ਼ਨਰ ਜੀ ਵਲੋਂ ਮਿਤੀ 15.01.2018 ਰਾਹੀਂ ਪ੍ਰਵਾਨ ਕੀਤਾ ਗਿਆ।

ਅਜੰਸੀ ਨਾਲ ਇਕਰਾਰਾਨਾਮਾ ਕਰਨ ਉਪਰੰਤ ਵਰਕ ਆਰਡਰ ਨੰਬਰ ਸੀ.ਈ/167 ਮਿਤੀ 05.03.2018 ਜਾਰੀ ਕੀਤਾ ਗਿਆ ਤੇ ਸਮਾਨ ਦੀ ਸਪਲਾਈ ਵਾਸਤੇ 12 ਮਹੀਨੇ ਦਾ ਸਮਾਂ ਦਿੱਤਾ ਗਿਆ ਸੀ। ਠੇਕੇਦਾਰ ਵਲੋਂ ਸਮੇਂ ਸਮੇਂ ਤੇ ਨਗਰ ਨਿਗਮ ਨੂੰ ਉਪਰੋਕਤ ਸਮਾਨ ਦੀ ਸਪਲਾਈ ਕਰਨ ਉਪਰੰਤ ਆਪਣੇ ਪਹਿਲੇ, ਦੂਸਰੇ, ਤੀਸਰੇ ਅਤੇ ਚੌਥੇ ਚੱਲਤ ਬਿਲ ਦੀ ਅਦਾਇਗੀ ਲੈ ਲਈ ਹੈ, ਜਿਸ ਨਾਲ ਰਕਮ ਰੁਪਏ 1,94,570/– ਖਤਮ ਹੋ ਗਈ ਹੈ। ਇਥੇ ਇਹ ਦਸਣ ਯੋਗ ਹੈ ਕਿ ਇਸ ਤਰ੍ਹਾਂ ਦੇ ਕੰਮ ਵਾਸਤੇ ਨਵਾਂ ਸਲਾਨਾਂ ਤਖਮੀਨਾ ਤਿਆਰ ਕੀਤਾ ਗਿਆ ਹੈ ਅਤੇ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਲਈ ਭੇਜਿਆ ਗਿਆ ਹੈ, ਜਿਸ ਨੂੰ ਕਿ ਅਜੇ ਸਮਾਂ ਲਗ ਸਕਦਾ ਹੈ। ਕਿਉਂ ਜ਼ੋ ਨਗਰ ਨਿਗਮ ਦੀ ਬਿਲਡਿੰਗ ਵਿੱਚ ਕੋਈ ਵੀ ਬਿਜਲੀ ਦਾ ਉਪਕਰਨ ਖਰਾਬ ਹੋਣ ਤੇ ਉਸ ਦੀ ਰਿਪੇਅਰ ਜਾਂ ਉਸ ਨੂੰ ਠੀਕ ਕਰਨ ਵਾਸਤੇ ਬਿਜਲੀ ਦਾ ਸਮਾਨ ਹਰ ਵਕਤ ਉਪਲਬੱਧ ਹੋਣਾ ਬਹੁਤ ਜਰੂਰੀ ਹੈ। ਇਸ ਲਈ ਹਾਲ ਦੀ ਘੜੀ ਇਸ ਪ੍ਰਵਾਨਿਤ ਤਖਮੀਨੇ ਵਿੱਚ 25% ਵਾਧਾ ਕਰਨ ਅਤੇ ਤਖਮੀਨੇ ਦੀ ਮਿਆਦ ਤਿੰਨ ਮਹੀਨੇ ਹੋਰ ਵਧਾਉਣ ਦੀ ਪ੍ਰਵਾਨਗੀ ਦਿੱਤੀ ਜਾਵੇ ਜੀ।ਇਸ ਲਈ ਵਿਸ਼ੇ ਅਧੀਨ ਕੰਮ ਦੇ ਤਖਮੀਨੇ ਵਿੱਚ 25% ਵਾਧਾ ਕਰਨ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। ਕਾਰਜਕਾਰੀ ਇੰਜੀਨੀਅਰ (ਓ.ਐਂਡ.ਐਮ) ਨੇ ਮਿਤੀ 25.11.19 ਰਾਹੀਂ ਤਜ਼ਵੀਜ਼ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਸਿਫਾਰਸ਼ ਕੀਤੀ ਹੈ । ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਮਿਤੀ 26.11.19 ਰਾਹੀਂ ਸਿਫਾਰਸ਼ ਕੀਤੀ ਹੈ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 3.12.2019 ਰਾਹੀਂ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/– ਜਗਦੀਸ਼ ਰਾਜ ਰਾਜਾ, ਮੇਅਰ

6.12.2019

ਮਤਾ ਨੰਬਰ:-201

ਵਿਸ਼ਾ:- ਐਸਟੀਮੇਟ ਫਾਰ ਪ੍ਰੋਵਾਇਡਿੰਗ ਸਟਾਰਮ ਸੀਵਰ ਫਰਾਮ ਦੋਆਬਾ ਚੌਂਕ ਟੂ ਕਾਲਾ ਸਿੰਘਾ ਡਰੇਨ ਐਟ ਜਲੰਧਰ। ਈ-ਟੈਂਡਰ ਪ੍ਰਵਾਨਗੀ ਹਿੱਤ।

| | | | |
|---|---|---|---|
| ਤਖਮੀਨਾ ਰੁਪਏ | 5,12,48,000/- | ਟੈਂਡਰ ਮੰਗੇ ਰੁਪਏ | 5,12,48,000/- |
| ਕੁੱਲ ਪ੍ਰਾਪਤ ਟੈਂਡਰ = | 1 (ਤੀਸਰੀ ਵਾਰ) | | |
| ਟੈਂਡਰ ਅਮਾਉਂਟ ਰੁਪਏ | 5,09,45,636.80 | ਸੇਵਿੰਗ 0.59% | |
| ਅਜੰਸੀ ਦਾ ਨਾਮ | M/s Ludhiana Construction, Company | | |

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਸੋਡਲ ਰੋਡ ਪ੍ਰੀਤ ਨਗਰ ਵਿਖੇ ਬਰਸਾਤੀ ਪਾਣੀ ਦੀ ਨਿਕਾਸੀ ਦੀ ਕਾਫੀ ਗੰਭੀਰ ਸਮਸਿਆ ਹੈ। ਮਾਨਯੋਗ ਹਲਕਾ ਐਮ.ਐਲ.ਏ ਜੀ ਵਲੋਂ ਇਸ ਸਮਸਿਆ ਦਾ ਹੱਲ ਕਰਨ ਵਾਸਤੇ ਮਹਿਕਮਾਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਨੂੰ ਪ੍ਰੋਜੈਕਟ ਤਿਆਰ ਕਰਨ ਲਈ ਕਿਹਾ ਗਿਆ ਸੀ। ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਵਲੋਂ ਇਸ ਸਮਸਿਆ ਦੇ ਹੱਲ ਵਾਸਤੇ ਵਖਰਾ ਸਟਾਰਮ ਸੀਵਰ ਪਾ ਕੇ ਪਾਣੀ ਲਿਫਟ ਕਰਨ ਉਪਰੰਤ ਕਾਲਾ ਸਿੰਘਾ ਡਰੇਨ ਵਿੱਚ ਨਿਕਾਸ ਕਰਨ ਸਬੰਧੀ ਤਖਮੀਨਾ ਰੁਪਏ 6.99 ਕਰੋੜ ਤਿਆਰ ਕੀਤਾ ਗਿਆ, ਜਿਸ ਨੂੰ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 132 ਮਿਤੀ 18.10.2018 ਰਾਹੀਂ ਪ੍ਰਵਾਨ ਕੀਤਾ ਗਿਆ। ਇਥੇ ਇਹ ਦਸਿਆ ਜਾਂਦਾ ਹੈ ਕਿ ਫੰਡਜ ਦੀ ਘਾਟ ਹੋਣ ਕਾਰਨ ਇਹ ਪ੍ਰੋਜਕੈਟ AMRUT Scheme ਅਧੀਨ ਕਰਵਾਉਣ ਵਾਸਤੇ PMIDC ਨੂੰ ਭੇਜਿਆ ਗਿਆ। ਇਸ ਉਪਰੰਤ Shah Technical Consultant, PMIDC ਵਲੋਂ ਆਪਣੇ ਪੱਤਰ ਨੰਬਰ STC/PB/PDMC/2019/1694 ਮਿਤੀ 14.08.2019 ਰਾਹੀਂ ਇਸ ਕੰਮ ਲਈ ਰੁਪਏ 512.48 ਲੱਖ DNIT ਅਤੇ DPR ਭੇਜੀ ਗਈ ਹੈ, ਜਿਸ ਵਿੱਚ ਇੱਕ RCC Pipe Storm Sewer ਦੋਆਬਾ ਚੌਂਕ ਤੋਂ ਪ੍ਰੀਤ ਨਗਰ ਸੋਡਲ ਚੌਂਕ ਤੋਂ ਇੰਡਸਟਰੀਅਲ ਏਰੀਆ ਡਿਸਪੋਜਲ ਤੱਕ ਪਾਉਣ ਦੀ ਪ੍ਰੋਵੀਜਨ ਕੀਤੀ ਗਈ ਹੈ ਅਤੇ ਇੰਡਸਟਰੀਅਲ ਏਰੀਆ ਵਿਖੇ ਪੰਪਿੰਗ ਸਟੇਸ਼ਨ ਬਣਾ ਕੇ ਇਸ ਬਰਸਾਤੀ ਪਾਣੀ ਨੂੰ DI Pipe ਰਾਇਜਿੰਗ ਮੇਨ ਪਾ ਕੇ ਕਾਲਾ ਸਿੰਘਾ ਡਰੇਨ ਵਿੱਚ ਡਿਸਪੋਜ਼ ਕਰਨ ਦੀ ਤਜਵੀਜ ਹੈ। ਇਸ DNIT ਦੀ ਪ੍ਰਵਾਨਗੀ ਟੈਕਨੀਕਲ ਸਬ ਕਮੇਟੀ, ਸਥਾਨਕ ਸਰਕਾਰ ਪੰਜਾਬ ਦੀ ਮੀਟਿੰਗ ਮਿਤੀ 27.08.2019 ਵਿੱਚ ਦਿੱਤੀ ਗਈ ਹੈ, ਜਿਸ ਦੇ Minutes of meeting ਉਨ੍ਹਾਂ ਵਲੋਂ ਆਪਣੇ ਪੱਤਰ ਨੰਬਰ PMIDC/GM(P)2019/8300 ਮਿਤੀ 29.08.2019 ਰਾਹੀਂ ਭੇਜੇ ਗਏ ਸਨ।

ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 06.09.2019 ਲਈ ਮੰਗੇ ਗਏ, ਜਿਸ ਵਿੱਚ ਸਿਰਫ ਇੱਕ ਟੈਂਡਰ ਪ੍ਰਾਪਤ ਹੋਇਆ। ਸਥਾਨਕ ਸਰਕਾਰ ਦੀਆਂ SOP ਦੀਆਂ ਸ਼ਰਤਾਂ ਅਨੁਸਾਰ ਪਹਿਲੀ ਵਾਰ ਕਾਲ ਕੀਤੇ ਗਏ ਟੈਂਡਰ ਵਿੱਚ ਇੱਕ ਬਿਡ ਪ੍ਰਾਪਤ ਹੋਣ ਤੇ ਟੈਕਨੀਕਲ ਬਿਡ ਨਹੀਂ ਖੋਲੀ ਜਾ ਸਕਦੀ। ਇਸ ਉਪਰੰਤ ਦੂਜੀ ਵਾਰੀ ਇਸ ਕੰਮ ਦੇ ਟੈਂਡਰ ਮਿਤੀ 30.09.2019 ਲਈ ਮੰਗੇ ਗਏ, ਜਿਸ ਵਿੱਚ ਕੋਈ ਵੀ ਬਿਡ ਪ੍ਰਾਪਤ ਨਹੀਂ ਹੋਈ। ਤੀਸਰੀ ਵਾਰੀ ਮਿਤੀ ਮਿਤੀ 14.10.2019 ਲਈ ਇਸ ਕੰਮ ਦੇ ਟੈਂਡਰ ਮੰਗੇ ਗਏ, ਜਿਸ ਵਿੱਚ ਇੱਕ ਟੈਂਡਰ M/s Ludhiana Construction, Company ਦਾ ਪ੍ਰਾਪਤ ਹੋਇਆ, ਜਿਸ ਦੀ ਤਕਨੀਕੀ ਬਿਡ ਖੋਲਣ ਉਪਰੰਤ ਇਹ ਟੈਂਡਰ ਜਨਰਲ ਮੈਨੇਜਰ, PMIDC ਨੂੰ ਪ੍ਰਵਾਨਗੀ ਵਾਸਤੇ ਇਸ ਦਫਤਰ ਵਲੋਂ ਪੱਤਰ ਨੰਬਰ 108/CE/WS/G ਮਿਤੀ 24.10.2019 ਰਾਹੀਂ ਭੇਜਿਆ ਗਿਆ। ਇਸ ਉਪਰੰਤ Shah Technical Consultant, PMIDC ਵਲੋਂ ਆਪਣੇ ਪੱਤਰ ਨੰਬਰ STC/PB/PDMC/2019/1841 ਮਿਤੀ 31.10.2019 ਰਾਹੀਂ M/s Ludhiana Construction, Company ਦੀ ਬਿਡ ਨੂੰ ਟੈਕਨੀਕਲੀ ਸਹੀ ਕਹਿੰਦੇ ਹੋਏ ਇਸ ਦੀ ਵਿੱਤੀ ਬਿਡ ਖੋਲਣ ਬਾਰੇ ਕਿਹਾ ਗਿਆ। ਇਸ ਟੈਂਡਰ ਦੀ ਵਿੱਤੀ ਬਿਡ ਖੋਲਣ ਉਪਰੰਤ 0.59% ਸੇਵਿੰਗ ਆਈ, ਜਿਸ ਦੀ ਪ੍ਰਵਾਨਗੀ ਵਾਸਤੇ ਜਨਰਲ ਮੈਨੇਜਰ ਪ੍ਰੋਜੈਕਟ, PMIDC ਨੂੰ ਇਸ ਦਫਤਰ ਵਲੋਂ ਪੱਤਰ ਨੰਬਰ 112/CE/WS/G ਮਿਤੀ 01.11.2019 ਰਾਹੀਂ ਭੇਜਿਆ ਗਿਆ। ਇਸ ਟੈਂਡਰ ਦੀ ਪ੍ਰਵਾਨਗੀ ਸਟੇਟ ਲੈਵਲ ਟੈਕਨੀਕਲ ਕਮੇਟੀ, ਸਥਾਨਕ ਸਰਕਾਰ ਪੰਜਾਬ ਵਲੋਂ ਆਪਣੀ ਮੀਟਿੰਗ ਮਿਤੀ 04.11.2019 ਵਿੱਚ ਦਿੱਤੀ ਗਈ, ਜਿਸ ਦੇ Minutes of meeting ਉਨ੍ਹਾਂ ਵਲੋਂ ਆਪਣੇ ਪੱਤਰ ਨੰਬਰ PMIDC/PD/AMRUT/2019/10032 ਮਿਤੀ 13.11.2019 ਰਾਹੀਂ ਭੇਜੇ ਗਏ। ਇਸ ਲਈ ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਅੰਤਿਮ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਸ਼ ਕੀਤੀ ਜਾਂਦੀ ਹੈ ਜੀ। ਕਾਰਜਕਾਰੀ ਇੰਜੀਨੀਅਰ (ਓ.ਐਂਡ.ਐਮ) ਨੇ ਟੈਂਡਰ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਸਿਫਾਰਸ਼ ਕੀਤੀ ਹੈ । ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਮਿਤੀ 22.11.19 ਰਾਹੀਂ ਸਿਫਾਰਸ਼ ਕੀਤੀ ਹੈ ।ਕਮਿਸ਼ਨਰ ਜੀ ਨੇ ਮਿਤੀ 22.11.19 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 3.12.19 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

6.12.2019

ਮਤਾ ਨੰਬਰ:-202

ਵਿਸ਼ਾ:- ਗੁਰੂ ਅਰਜਨ ਦੇਵ ਨਗਰ ਨਜਦੀਕ ਪੇਠੇ ਵਾਲੀ ਗਲੀ ਬਸਤੀ ਮਿੱਠੂ ਦੇ ਸੀਵਰ ਦੀ ਰਿਪਲੇਸਮੈਂਟ ਬਾਰੇ। ਵਾਰਡ ਨੰ: 73 ਨਿਉ (ਈ-ਟੈਂਡਰ ਪ੍ਰਵਾਨਗੀ ਹਿੱਤ)

| | |
|---|---|
| ਤਖਮੀਨਾ | ਰੁਪਏ: 3,61,200/- |
| ਟੈਂਡਰ ਮੰਗੇ | ਰੁਪਏ: 3,61,200/- |
| ਕੁੱਲ ਪ੍ਰਾਪਤ ਵੈਲਿਡ ਟੈਂਡਰ | = 1 (ਤੀਸਰੀ ਬਾਰੀ) |
| ਟੈਂਡਰ ਅਮਾਉਂਟ | ਰੁਪਏ: 3,59,394/- ਸੇਵਿੰਗ 0.50% |
| ਅਜੰਸੀ ਦਾ ਨਾਮ:- | ਆਦਿ ਕੋ-ਆਪ ਐਲ.ਸੀ ਸੁਸਾਈਟੀ |

ਉਪਰੋਕਤ ਕੰਮ ਕਰਵਾਉਣ ਲਈ ਤਖਮੀਨਾ ਰੁਪਏ 3,61,200/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 159(12) ਮਿਤੀ 18-10-18 ਰਾਹੀਂ ਦਿੱਤੀ ਸੀ। ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਮਿਤੀ 09.10.19 ਅਤੇ ਦੂਸਰੀ ਬਾਰੀ ਮਿਤੀ 25.10.19 ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਮੰਗੇ ਗਏ ਸਨ, ਪਰੰਤੂ ਲੋੜੀਂਦੇ ਟੈਂਡਰ ਪ੍ਰਾਪਤ ਨਹੀ ਹੋਏ।

ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋ ਮਿਤੀ 18.11.19 ਅਤੇ ਠੇਕੇਦਾਰਾਂ ਕੋਲੋ ਮਿਤੀ 25.11.19 ਲਈ ਮੰਗੇ ਗਏ ਸਨ, ਉਪਰੋਕਤ ਸੁਸਾਈਟੀ ਦਾ ਸਿਰਫ ਇਕ ਟੈਂਡਰ ਪ੍ਰਾਪਤ ਹੋਇਆ, ਜਿਸ ਦੀ ਤਕਨੀਕੀ ਬਿਡ ਮਿਆਰ ਪਖੋ ਪੂਰੀ ਸੀ। ਇਸ ਲਈ ਇਸ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ। ਉਪਰੋਕਤ ਸੁਸਾਈਟੀ 0.50% ਦੀ ਸੇਵਿੰਗ ਨਾਲ ਇਹ ਕੰਮ ਤਖਮੀਨਾ ਰੁਪਏ 3,61,200/- ਦੇ ਵਿਰੁੱਧ ਰੁਪਏ 3,59,394/- ਵਿੱਚ ਕਰੇਗੀ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜੋ ਕਿ ਕੰਮ ਦੀ ਮਿਣਤੀ ਅਨੁਸਾਰ ਵੱਧ-ਘੱਟ ਸਕਦੀ ਹੈ। ਕਾਰਜਕਾਰੀ ਇੰਜੀਨੀਅਰ (ਓ.ਐਂਡ.ਐਮ) ਨੇ ਟੈਂਡਰ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਸਿਫਾਰਸ਼ ਕੀਤੀ ਹੈ । ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਮਿਤੀ 29.11.19 ਰਾਹੀਂ ਸਿਫਾਰਸ਼ ਕੀਤੀ ਹੈ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 3.12.19 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਜੇਕਰ ਠੇਕੇਦਾਰ/ਏਜੰਸੀਆਂ 1% (ਇੱਕ ਪ੍ਰਤੀਸ਼ਤ) ਸੇਵਿੰਗ ਲਈ ਸਹਿਮਤ ਹੋਵੇ ਤਾਂ ਇਹ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ ਨਹੀਂ ਤਾਂ ਇਸ ਕੰਮ ਦੇ ਦੁਬਾਰਾ ਟੈਂਡਰ ਮੰਗੇ ਜਾਣ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

6.12.2019

**ਮਤਾ ਨੰਬਰ:-203**

ਵਿਸ਼ਾ:- ਪ੍ਰੋਵਾਇਡਿੰਗ ਐਂਡ ਲੇਇੰਗ ਸੀਵਰ ਐਟ ਪ੍ਰਕਾਸ਼ ਨਗਰ ਵਿਖੇ ਸੀਵਰ ਪਾਉਣ ਬਾਰੇ। ਵਾਰਡ ਨੰ: 26 ਨਿਉ ( ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ: 5,06,000/- ਟੈਂਡਰ ਮੰਗੇ ਰੁਪਏ: 5,06,000/-
ਕੁੱਲ ਪ੍ਰਾਪਤ ਵੈਲਿਡ ਟੈਂਡਰ = 1 (ਤੀਸਰੀ ਬਾਰੀ)
ਟੈਂਡਰ ਅਮਾਉਂਟ ਰੁਪਏ: 5,04,735/- ਸੇਵਿੰਗ 0.25%
ਅਜੰਸੀ ਦਾ ਨਾਮ:- ਮੈਸਰਜ਼ ਜੁਆਏ ਬਿਲਡਰਜ਼

ਉਪਰੋਕਤ ਕੰਮ ਕਰਵਾਉਣ ਲਈ ਤਖਮੀਨਾ ਰੁਪਏ 5,06,000/- ਦੀ ਪ੍ਰਵਾਨਗੀ ਇਨਐਂਟੀਸਿਪੇਨ ਅਪਰੂਵਲ ਆਫ ਹਾਉਸ ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 13.03.19 ਰਾਹੀਂ ਦਿੱਤੀ। ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਮਿਤੀ 09.10.19 ਅਤੇ ਦੂਸਰੀ ਬਾਰੀ ਮਿਤੀ 25.10.19 ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਮੰਗੇ ਗਏ ਸਨ, ਪਰੰਤੂ ਲੋੜੀਂਦੇ ਟੈਂਡਰ ਪ੍ਰਾਪਤ ਨਹੀ ਹੋਏ।

ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋ ਮਿਤੀ 18.11.19 ਅਤੇ ਠੇਕੇਦਾਰਾਂ ਕੋਲੋ ਮਿਤੀ 25.11.19 ਲਈ ਮੰਗੇ ਗਏ ਸਨ, ਉਪਰੋਕਤ ਠੇਕੇਦਾਰ ਦਾ ਸਿਰਫ ਇਕ ਟੈਂਡਰ ਪ੍ਰਾਪਤ ਹੋਇਆ, ਜਿਸ ਦੀ ਤਕਨੀਕੀ ਬਿਡ ਮਿਆਰ ਪਖੋ ਪੂਰੀ ਸੀ। ਇਸ ਲਈ ਇਸ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ। ਉਪਰੋਕਤ ਠੇਕੇਦਾਰ 0.25% ਦੀ ਸੇਵਿੰਗ ਨਾਲ ਇਹ ਕੰਮ ਤਖਮੀਨਾ ਰੁਪਏ 5,06,000/- ਦੇ ਵਿਰੁੱਧ ਰੁਪਏ 5,04,735/- ਵਿੱਚ ਕਰੇਗੀ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ। ਕਾਰਜਕਾਰੀ ਇੰਜੀਨੀਅਰ (ਓ.ਐਂਡ.ਐਮ) ਨੇ ਟੈਂਡਰ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਸਿਫਾਰਸ਼ ਕੀਤੀ ਹੈ । ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਮਿਤੀ 29.11.19 ਰਾਹੀਂ ਸਿਫਾਰਸ਼ ਕੀਤੀ ਹੈ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 3.12.19 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਜੇਕਰ ਠੇਕੇਦਾਰ/ਏਜੰਸੀਆਂ 1% (ਇੱਕ ਪ੍ਰਤੀਸ਼ਤ) ਸੇਵਿੰਗ ਲਈ ਸਹਿਮਤ ਹੋਵੇ ਤਾਂ ਇਹ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ ਨਹੀਂ ਤਾਂ ਇਸ ਕੰਮ ਦੇ ਦੁਬਾਰਾ ਟੈਂਡਰ ਮੰਗੇ ਜਾਣ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
6.12.2019

ਮਤਾ ਨੰਬਰ:-204

ਵਿਸ਼ਾ:- ਗੁਰੂ ਅਰਜਨ ਦੇਵ ਨਗਰ, ਆਰੇ ਵਾਲੀ ਗਲੀ ਬਸਤੀ ਮਿੱਠੂ ਦੇ ਸੀਵਰ ਦੀ ਰਿਪਲੇਸਮੈਂਟ ਬਾਰੇ। ਵਾਰਡ ਨੰ: 73 ਨਿਉ (ਈ-ਟੈਂਡਰ ਪ੍ਰਵਾਨਗੀ ਹਿੱਤ)

| | |
|---|---|
| ਤਖਮੀਨਾ | ਰੁਪਏ: 2,14,700/- |
| ਟੈਂਡਰ ਮੰਗੇ | ਰੁਪਏ: 2,14,700/- |
| ਕੁੱਲ ਪ੍ਰਾਪਤ ਵੈਲਿਡ ਟੈਂਡਰ | = 1 (ਤੀਸਰੀ ਬਾਰੀ) |
| ਟੈਂਡਰ ਅਮਾਉਂਟ | ਰੁਪਏ: 2,13,626/- ਸੇਵਿੰਗ 0.50% |
| ਅਜੰਸੀ ਦਾ ਨਾਮ:- | ਆਦਿ ਕੋ-ਆਪ ਐਲ.ਸੀ ਸੁਸਾਈਟੀ |

ਉਪਰੋਕਤ ਕੰਮ ਕਰਵਾਉਣ ਲਈ ਤਖਮੀਨਾ ਰੁਪਏ 2,14,700/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 159(9) ਮਿਤੀ 18-10-18 ਰਾਹੀਂ ਦਿੱਤੀ ਸੀ। ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਮਿਤੀ 09.10.19 ਅਤੇ ਦੂਸਰੀ ਬਾਰੀ ਮਿਤੀ 25.10.19 ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਮੰਗੇ ਗਏ ਸਨ, ਪਰੰਤੂ ਲੋੜੀਂਦੇ ਟੈਂਡਰ ਪ੍ਰਾਪਤ ਨਹੀ ਹੋਏ।

ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋ ਮਿਤੀ 18.11.19 ਅਤੇ ਠੇਕੇਦਾਰਾਂ ਕੋਲੋ ਮਿਤੀ 25.11.19 ਲਈ ਮੰਗੇ ਗਏ ਸਨ, ਉਪਰੋਕਤ ਸੁਸਾਈਟੀ ਦਾ ਸਿਰਫ ਇਕ ਟੈਂਡਰ ਪ੍ਰਾਪਤ ਹੋਇਆ, ਜਿਸ ਦੀ ਤਕਨੀਕੀ ਬਿਡ ਮਿਆਰ ਪਖੋ ਪੂਰੀ ਸੀ। ਇਸ ਲਈ ਇਸ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ। ਉਪਰੋਕਤ ਸੁਸਾਈਟੀ 0.50% ਦੀ ਸੇਵਿੰਗ ਨਾਲ ਇਹ ਕੰਮ ਤਖਮੀਨਾ ਰੁਪਏ 2,14,700/- ਦੇ ਵਿਰੁੱਧ ਰੁਪਏ 2,13,626/- ਵਿੱਚ ਕਰੇਗੀ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜ਼ੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ। ਕਾਰਜਕਾਰੀ ਇੰਜੀਨੀਅਰ (ਓ.ਐਂਡ.ਐਮ) ਨੇ ਟੈਂਡਰ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਸਿਫਾਰਸ਼ ਕੀਤੀ ਹੈ । ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਮਿਤੀ 29.11.19 ਰਾਹੀਂ ਸਿਫਾਰਸ਼ ਕੀਤੀ ਹੈ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 3.12.19 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਜੇਕਰ ਠੇਕੇਦਾਰ/ਏਜੰਸੀਆਂ 1% (ਇੱਕ ਪ੍ਰਤੀਸ਼ਤ) ਸੇਵਿੰਗ ਲਈ ਸਹਿਮਤ ਹੋਵੇ ਤਾਂ ਇਹ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ ਨਹੀਂ ਤਾਂ ਇਸ ਕੰਮ ਦੇ ਦੁਬਾਰਾ ਟੈਂਡਰ ਮੰਗੇ ਜਾਣ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

6.12.2019

ਮਤਾ ਨੰਬਰ:-205

ਵਿਸ਼ਾ:- ਸ਼ਹਿਰ ਦੀ ਸਫਾਈ ਅਤੇ ਸੋਲਿਡ ਵੇਸਟ ਮੈਨੇਜਮੈਂਟ ਲਈ ਅਸੈਂਬਲੀ ਹਲਕਾ ਜਲੰਧਰ ਵਾਇਜ ਟਰੈਕਟਰ ਟਰਾਲੀਆਂ ਅਤੇ ਹਰੇਕ ਟਰਾਲੀ ਵਾਸਤੇ ਲੇਬਰ ਦੇ 2 ਕਰਮਚਾਰੀ ਅਨਸਕਿਲਡ, ਡਰਾਇਵਰ ਅਤੇ ਡੀਜਲ ਹਾਇਰ ਕਰਨ ਦੇ ਟੈਂਡਰ ਪ੍ਰਵਾਨਗੀ ਸਬੰਧੀ। ਈ-ਟੈਂਡਰ ਪ੍ਰਵਾਨਗੀ ਹਿੱਤ।

| | |
|---|---|
| ਵਿਧਾਨ ਸਭਾ ਹਲਕਾ ਸੈਂਟਰਲ ਦਾ ਤਖਮੀਨਾ | 67,35,456/- |
| ਵਿਧਾਨ ਸਭਾ ਹਲਕਾ ਨਾਰਥ ਦਾ ਤਖਮੀਨਾ | 57,73,248/- |
| ਵਿਧਾਨ ਸਭਾ ਹਲਕਾ ਵੈਸਟ ਦਾ ਤਖਮੀਨਾ | 57,73,248/- |
| ਵਿਧਾਨ ਸਭਾ ਹਲਕਾ ਕੈਂਟ ਦਾ ਤਖਮੀਨਾ | 48,11,040/- |

ਨਗਰ ਨਿਗਮ ਅਧੀਨ 4 ਅਸੈਂਬਲੀ ਹਲਕਿਆਂ ਵਿੱਚ ਸ਼ਹਿਰ ਦੀ ਸਫਾਈ ਅਤੇ ਸੋਲਿਡ ਵੇਸਟ ਦੀ ਮੈਨੇਜਮੈਂਟ ਲਈ ਅਸੈਂਬਲੀ ਹਲਕਾ ਨਾਰਥ ਅਤੇ ਵੈਸਟ ਵਾਸਤੇ 6-6 ਟਰੈਕਟਰ ਟਰਾਲੀਆਂ ਅਤੇ ਅਸੈਂਬਲੀ ਹਲਕਾ ਕੈਂਟ ਵਾਸਤੇ 5 ਟਰੈਕਟਰ ਟਰਾਲੀਆਂ ਅਤੇ ਸੈਂਟਰਲ ਵਾਸਤੇ 7 ਹਰੇਕ ਟਰਾਲੀ ਵਾਸਤੇ 2 ਲੇਬਰ ਦੇ ਕਰਮਚਾਰੀ ਹਾਇਰ ਕਰਨ ਦੇ ਤਖਮੀਨਿਆਂ ਦੀ ਪ੍ਰਵਾਨਗੀ ਨਗਰ ਨਿਗਮ ਜਲੰਧਰ ਦੇ ਮਾਨਯੋਗ ਮੇਅਰ ਜੀ ਵੱਲੋਂ ਇਨਐਂਟੀਸਿਪੇਸ਼ਨ ਅਪਰੂਵਲ ਆਫ ਹਾਉਸ ਮਿਤੀ 18.08.19 ਅਤੇ 20.08.19 ਰਾਹੀਂ ਦਿੱਤੀ। ਇਹਨਾ ਕੰਮਾਂ ਲਈ ਵਿਸਤਾਰ ਪੂਰਵਕ NIT ਤਿਆਰ ਕਰਕੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਟ ਸਿਸਟਮ ਅਧੀਨ ਠੇਕੇਦਾਰਾਂ ਤੋ ਮਿਤੀ 30.09.19 ਲਈ ਮੰਗੇ ਗਏ, ਪਰੰਤੂ ਵੈਸਟ ਹਲਕੇ ਦੇ 2 ਟੈਂਡਰ ਪ੍ਰਾਪਤ ਹੋਏ, ਨਾਰਥ ਅਤੇ ਸੈਂਟਰਲ ਹਲਕੇ ਵਿੱਚ 1-1 ਟੈਂਡਰ ਪ੍ਰਾਪਤ ਹੋਇਆ, ਪਰੰਤੂ ਸਥਾਨਕ ਸਰਕਾਰ ਦੀ ਨੋਟੀਫਿਕੇਸ਼ਨ ਅਨੁਸਾਰ ਘੱਟ ਬਿਡਾਂ ਪ੍ਰਾਪਤ ਹੋਣ ਕਰਾਨ ਇਹਨਾਂ ਨੂੰ ਰੱਦ ਕਰਕੇ ਰੀ-ਕਾਲ ਕੀਤਾ ਗਿਆ ਅਤੇ ਕੈਂਟ ਹਲਕੇ ਵਿੱਚ 3 ਟੈਂਡਰ ਪ੍ਰਾਪਤ ਹੋਏ, ਜਿਸ ਵਿੱਚ ਗੋਰਵ ਗੁਪਤਾ ਅਤੇ ਗੁਰੂ ਨਾਨਕ ਕੋ-ਆਪ ਸੁਸਾਈਟੀ ਦੀਆਂ ਬਿਡਾਂ ਮਿਆਰ ਪਖੋ ਪੂਰੀਆਂ ਨਾ ਹੋਣ ਕਾਰਨ ਇਹਨਾਂ ਦੇ ਟੈਂਡਰ ਨੂੰ ਵੀ ਰੱਦ ਕਰਕੇ ਰੀ-ਕਾਲ ਕਰਨ ਦੇ ਹੁਕਮ ਕੀਤੇ ਗਏ, ਜਿਹਨਾ ਦੀ ਤਕਨੀਕੀ ਬਿਡਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਪਹਿਲਾ ਬਾਰੀ ਪ੍ਰਾਪਤ ਟੈਂਡਰ | | | | | |
|---|---|---|---|---|---|
| Sr.no | Name of work | Est.Amt | No of Bids Receive | Name of Agency | Remarks |
| 1 | Supply of 6 nos of Tractor with Trollies fitted with GPS system (Hydraulic type) on hiring Basis with driver, Diesel with Two unskilled labour each for lifting of garbage for Health Branch In West Constituency | 5773248 | 2 | | ਸਥਾਨਕ ਸਰਕਾਰ ਦੀ ਨੋਟੀਫਿਕੇਸ਼ਨ ਅਨੁਸਾਰ ਘੱਟ ਬਿਡਾਂ ਪ੍ਰਾਪਤ ਹੋਣ ਕਰਾਨ ਇਹਨਾਂ ਨੂੰ ਰੱਦ ਕਰਕੇ ਰੀ-ਕਾਲ ਕੀਤਾ ਗਿਆ |
| 2 | Supply of 6 nos of Tractor with Trollies fitted with GPS system (Hydraulic type) on hiring Basis with driver, Diesel with Two unskilled labour each for lifting of garbage for Health Branch In North Constituency | 5773248 | 1 | | ਸਥਾਨਕ ਸਰਕਾਰ ਦੀ ਨੋਟੀਫਿਕੇਸ਼ਨ ਅਨੁਸਾਰ ਘੱਟ ਬਿਡਾਂ ਪ੍ਰਾਪਤ ਹੋਣ ਕਰਾਨ ਇਹਨਾਂ ਨੂੰ ਰੱਦ ਕਰਕੇ ਰੀ-ਕਾਲ ਕੀਤਾ ਗਿਆ |
| 3 | Supply of 6 nos of Tractor with Trollies fitted with GPS system (Hydraulic type) on hiring Basis with driver, Diesel with Two unskilled labour each for lifting of garbage for Health Branch In Central Constituency | 6735456 | 1 | | ਸਥਾਨਕ ਸਰਕਾਰ ਦੀ ਨੋਟੀਫਿਕੇਸ਼ਨ ਅਨੁਸਾਰ ਘੱਟ ਬਿਡਾਂ ਪ੍ਰਾਪਤ ਹੋਣ ਕਰਾਨ ਇਹਨਾਂ ਨੂੰ ਰੱਦ ਕਰਕੇ ਰੀ-ਕਾਲ ਕੀਤਾ ਗਿਆ |
| 4 | Supply of 5 No of Tractorwith Trolies with GPS System (Hydraulic type) on Hiring Basis with Driver, Diesel with Two unskiled labour in Health Branch in Cantt Constituency | 4811040 | 3 | ਵਿਸ਼ਾਲ ਗੋਰਮੈਂਟ ਕੰਟਰੈਕਟਰ (ਟੈਕਨੀਕਲ ਅਲੀਜੀਬਲ)<br>ਗੋਰਵ ਗੁਪਤਾ, (ਟੈਕਨੀਕਲ ਨਾਟ-ਅਲੀਜੀਬਲ)<br>ਗੁਰੂ ਨਾਨਕ ਪੂਰਾ ਕੋ-ਆਪ ਸੁਸਾਈਟੀ (ਟੈਕਨੀਕਲ ਨਾਟ-ਅਲੀਜੀਬਲ) | ਕੇਵਲ 1 ਅਜੰਸੀ ਦੀ ਤਕਨੀਕੀ ਬਿਡ ਪੂਰੀ ਸੀ ਪਰੰਤੂ ਸਥਾਨਕ ਸਰਕਾਰ ਦੀ ਨੋਟੀਫਿਕੇਸ਼ਨ ਅਨੁਸਾਰ ਘੱਟ ਬਿਡਾਂ ਪ੍ਰਾਪਤ ਹੋਣ ਕਰਾਨ ਇਹਨਾਂ ਨੂੰ ਰੱਦ ਕਰਕੇ ਰੀ-ਕਾਲ ਕੀਤਾ ਗਿਆ |

ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਟ ਸਿਸਟਮ ਅਧੀਨ ਠੇਕੇਦਾਰਾਂ ਤੋ ਮਿਤੀ 18.10.19 ਲਈ ਮੰਗੇ ਗਏ, ਜਿਸ ਵਿੱਚ ਵੈਸਟ ਹਲਕੇ ਵਿੱਚ 4 ਟੈਂਡਰ ਪ੍ਰਾਪਤ ਹੋਏ, ਜਿਸ ਵਿੱਚ ਠੇਕੇਦਾਰ ਵਿਕਾਸ ਧਵਨ ਦੀ ਬਿਡ ਮਿਆਰ ਪਖੋ ਪੂਰੀ ਨਾ ਹੋਣ ਕਾਰਨ ਇਸ ਦੀ ਤਕਨੀਕੀ ਬਿਡ ਖਾਰੀਜ਼/ਕੈਂਸਲ ਕਰਦੇ ਹੋਏ ਬਾਕੀ 3 ਠੇਕੇਦਾਰਾਂ ਦੀਆਂ ਵਿੱਤੀ ਬਿਡਾਂ ਖੋਲਣ ਦੇ ਹੁਕਮ ਜਾਰੀ ਕੀਤੇ ਗਏ ਅਤੇ ਸੈਂਟਰਲ ਹਲਕੇ ਵਿੱਚ 3 ਟੈਂਡਰ ਪ੍ਰਾਪਤ ਹੋਏ, ਜਿਸ ਵਿੱਚ ਸ਼ਰੀਫਪੂਰਾ ਕੋ-ਆਪ ਐਲ.ਸੀ ਸੁਸਾਈਟੀ ਅੰਮ੍ਰਿਤਸਰ ਦੀ ਤਕਨੀਕੀ ਬਿਡ ਮਿਆਰ ਪਖੋ ਪੂਰੀ ਨਹੀ ਸੀ, ਜਿਸ ਕਾਰਨ ਇਸ ਟੈਂਡਰ ਵਿੱਚ ਸਿਰਫ 2 ਠੇਕੇਦਾਰ ਰਹਿ ਜਾਂਦੇ ਹਨ। ਨਾਰਥ ਅਤੇ ਕੈਂਟ ਹਲਕੇ ਦੇ ਕੇਵਲ 1-1 ਟੈਂਡਰ ਪ੍ਰਾਪਤ ਹੋਏ। ਇਸ ਲਈ ਸਥਾਨਕ ਸਰਕਾਰ ਦੇ ਨੋਟੀਫਿਕੇਸ਼ਨ ਅਨੁਸਾਰ ਘੱਟ ਬਿਡਾਂ ਪ੍ਰਾਪਤ ਹੋਣ ਕਾਰਣ ਸੈਂਟਰਲ, ਨਾਰਥ ਅਤੇ ਕੈਂਟ ਹਲਕੇ ਦੇ ਟੈਂਡਰਾਂ ਨੂੰ ਰੱਦ ਕਰਦੇ ਹੋਏ ਰੀ-ਕਾਲ ਕਰਨ ਦੇ ਹੁਕਮ ਜਾਰੀ ਕੀਤੇ ਗਏ ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਦੂਸਰੀ ਬਾਰੀ ਪ੍ਰਾਪਤ ਟੈਂਡਰ | | | | | |
|---|---|---|---|---|---|
| Sr. no | Name of work | Est.Amt | No of Bids Receive | Name of Agency | Remarks |
| 1 | Supply of 6 nos of Tractor with Trollies fitted with GPS system (Hydraulic type) on hiring Basis with driver, Diesel with Two unskilled labour each for lifting of garbage for Health Branch In West Constituency | 5773248 | 4 | ਵਿਸ਼ਾਲ ਗੋਰਮੈਂਟ ਕੰਟਰੈਕਟਰ (ਟੈਕਨੀਕਲ ਅਲੀਜੀਬਲ)<br>ਗੋਰਵ ਗੁਪਤਾ (ਟੈਕਨੀਕਲ ਅਲੀਜੀਬਲ)<br>ਅਕਾਸ਼ ਗੋਰਮੈਂਟ ਕੰਟਰੈਕਟਰ (ਟੈਕਨੀਕਲ ਅਲੀਜੀਬਲ)<br>ਵਿਕਾਸ ਧਵਨ (ਟੈਕਨੀਕਲ ਨਾਟ-ਅਲੀਜੀਬਲ) | ਇਸ ਹਲਕੇ ਵਿੱਚ 3 ਅਜੰਸੀਆਂ ਤਕਨੀਕੀ ਮਿਆਰ ਪਖੋ ਪੂਰੀਆਂ ਸਨ, ਜਿਹਨਾ ਦੀਆਂ ਵਿੱਤੀ ਬਿਡਾਂ ਖੋਲਣ ਦੇ ਹੁਕਮ ਦਿੱਤੇ ਗਏ। |
| 2 | Supply of 6 nos of Tractor with Trollies fitted with GPS system (Hydraulic type) on hiring Basis with driver, Diesel with Two unskilled labour each for lifting of garbage for Health Branch In North Constituency | 5773248 | 1 | | ਘੱਟ ਬਿਡਾਂ ਪ੍ਰਾਪਤ ਹੋਣ ਕਰਕੇ ਨਹੀ ਖੋਲੇ |
| 3 | Supply of 5 nos of Tractor with Trollies fitted with GPS system (Hydraulic type) on hiring Basis with driver, Diesel with Two unskilled labour each for lifting of garbage for Health Branch In Cantt Constituency | 4811040 | 1 | | ਘੱਟ ਬਿਡਾਂ ਪ੍ਰਾਪਤ ਹੋਣ ਕਰਕੇ ਨਹੀ ਖੋਲੇ |
| 4 | Supply of 7 No of Tractorwith Trollies with GPS System (Hydraulic type) on Hiring Basis with Driver, Diesel with Two unskiled labour in Health Branch in Central Constituency | 6735456 | 3 | ਵਿਸ਼ਾਲ ਗੋਰਮੈਂਟ ਕੰਟਰੈਕਟਰ (ਟੈਕਨੀਕਲ ਅਲੀਜੀਬਲ)<br>ਗੋਰਵ ਗੁਪਤਾ (ਟੈਕਨੀਕਲ ਅਲੀਜੀਬਲ)<br>ਸ਼ਰੀਫ ਪੂਰਾ ਕੋ-ਆਪ ਸੁਸਾਈਟੀ (ਟੈਕਨੀਕਲ ਨਾਟ-ਅਲੀਜੀਬਲ) | ਕੇਵਲ 2 ਅਜੰਸੀ ਦੀਆਂ ਤਕਨੀਕੀ ਬਿਡਾਂ ਪੁਰੀਆ ਸਨ ਪਰੰਤੂ ਸਥਾਨਕ ਸਰਕਾਰ ਦੀ ਨੋਟੀਫਿਕੇਸ਼ਨ ਅਨੁਸਾਰ ਘੱਟ ਬਿਡਾਂ ਪ੍ਰਾਪਤ ਹੋਣ ਕਰਾਨ ਇਹਨਾਂ ਨੂੰ ਰੱਦ ਕਰਕੇ ਰੀ-ਕਾਲ ਕੀਤਾ ਗਿਆ |

ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਨਾਰਥ ਅਤੇ ਕੈਂਟ ਹਲਕੇ ਲਈ ਠੇਕੇਦਾਰਾਂ ਤੋ ਮਿਤੀ 25.10.19 ਲਈ ਮੰਗੇ ਗਏ, ਜਿਸ ਵਿੱਚ ਨਾਰਥ ਹਲਕੇ ਲਈ ਸਿਰਫ ਇਕ ਬਿਡ ਪ੍ਰਾਪਤ ਹੋਈ ਅਤੇ ਕੈਂਟ ਹਲਕੇ ਵਿੱਚ ਦੋ ਬਿਡਾਂ ਪ੍ਰਾਪਤ ਹੋਇਆਂ ਜ਼ੋ ਮਿਆਰ ਪਖੋ ਪੂਰੀਆਂ ਸੀ। ਸੈਂਟਰਲ ਹਲਕੇ ਲਈ ਮਿਤੀ 07.11.19 ਲਈ ਮੰਗੇ ਗਏ, ਜਿਸ ਵਿੱਚ ਇਕ ਬਿਡ ਪ੍ਰਾਪਤ ਹੋਈ, ਜ਼ੋ ਮਿਆਰ ਪਖੋ ਪੂਰੀਆਂ ਸਨ ਜਿਹਨਾ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਤੀਸਰੀ ਬਾਰੀ ਪ੍ਰਾਪਤ ਟੈਂਡਰ | | | | |
|---|---|---|---|---|
| Sr .no | Name of work | Est.Amt | No of Bids Receive | Name of Agency |
| 1 | Supply of 6 nos of Tractor with Trollies fitted with GPS system (Hydraulic type) on hiring Basis with driver, Diesel with Two unskilled labour each for lifting of garbage for Health Branch In North Constituency | 5773248 | 1 | ਗੋਰਵ ਗੁਪਤਾ (ਟੈਕਨੀਕਲ ਅਲੀਜੀਬਲ) |
| 2 | Supply of 5 nos of Tractor with Trollies fitted with GPS system (Hydraulic type) on hiring Basis with driver, Diesel with Two unskilled labour each for lifting of garbage for Health Branch In Cantt Constituency | 4811040 | 2 | ਵਿਸ਼ਾਲ ਗੋਰਮੈਂਟ ਕੰਟਰੈਕਟਰ (ਟੈਕਨੀਕਲ ਅਲੀਜੀਬਲ)<br>ਗੋਰਵ ਗੁਪਤਾ (ਟੈਕਨੀਕਲ ਅਲੀਜੀਬਲ) |
| 3 | Supply of 7 No of Tractorwith Trolies with GPS System (Hydraulic type) on Hiring Basis with Driver, Diesel with Two unskiled labour in Health Branch in Central Constituency | 6735456 | 1 | ਗੋਰਵ ਗੁਪਤਾ (ਟੈਕਨੀਕਲ ਅਲੀਜੀਬਲ) |

ਵਿਸ਼ੇ ਅਧੀਨ ਚਾਰੇ ਕੰਮ ਇੱਕ ਹੀ ਨੇਚਰ ਦੇ ਸਨ ਅਤੇ ਐਨ.ਆਈ.ਟੀ ਦੀ ਕੰਡੀਸ਼ਨ ਅਨੁਸਾਰ ਇਹ ਕੰਮਾਂ ਦੇ ਟੈਂਡਰਾਂ ਨੂੰ ਸਟਾਰ ਰੇਟ ਪ੍ਰਵਾਨ ਕੀਤੇ ਜਾਣੇ ਹਨ। ਸਟਾਰ ਰੇਟ ਲਾਗੂ ਹੋਣ ਕਾਰਨ ਇਹਨਾ ਚਾਰੋ ਹਲਕੇ ਦੇ ਕੰਮਾਂ ਦੀਆਂ ਵਿੱਤੀ ਬਿਡਾਂ ਮਿਤੀ 07.11.19 ਖੋਲੀਆਂ ਗਈਆਂ ਅਤੇ ਤੁਲਨਾਤਮਕਸੂਚੀ ਅਨੁਸਾਰ ਘੱਟ ਰੇਟ ਠੇਕੇਦਾਰ/ਅਜੰਸੀ L1 ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਕੰਮ ਦਾ ਨਾਮ ਅਤੇ ਹਲਕਾ | ਤਖਮੀਨਾ ਰੁਪਏ | L1 ਅਜੰਸੀ ਦਾ ਨਾਮ | ਸੇਵਿੰਗ | ਟੈਂਡਰ ਅਮਾਊਂਟ ਰੁਪਏ |
|---|---|---|---|---|---|
| 1 | Supply of 6 No. Tractors with Trolley on hiring basis with 2 No. Labour for each trolley West Constituency | 57,73,248/- | ਵਿਸ਼ਲ ਗੋਰਮੈਂਟ ਕੰਟਰੈਕਟਰ | 35.35% | 42,41,525/- |
| 2 | Supply of 5 No. Tractors with Trolley on hiring basis with 2 No. Labour for each trolley Cantt Constituency | 48,11,040/- | **ਵਿਸ਼ਲ ਗੋਰਮੈਂਟ ਕੰਟਰੈਕਟਰ** | **37.11%** | 34,71,042/- |
| 3 | Supply of 6 No. Tractors with Trolley on hiring basis with 2 No. Labour for each trolley North Constituency | 57,73,248/- | ਗੋਰਵ ਗੁਪਤਾ | 16.13% | 50,74,494/- |
| 4 | Supply of 7 No. Tractors with Trolley on hiring basis with 2 No. Labour for each trolley Central Constituency | 67,35,456/- | ਗੋਰਵ ਗੁਪਤਾ | 15.13% | 59,70,805/- |

ਉਪਰੋਕਤ ਦਰਸ਼ਾਏ ਟੇਬਲ ਅਨੁਸਾਰ ਇਹਨਾਂ ਕੰਮਾਂ ਲਈ ਵਿਸਤਾਰਪੂਰਵਕ ਐਨ.ਆਈ.ਟੀ, ਟਰਮਜ਼ ਕੰਡੀਸ਼ਨਜ਼ ਅਤੇ ਅਲੀਜੀਬਿਲਟੀ ਕਰਾਈਟੀਰਿਆ ਤਿਆਰ ਕਰਕੇ ਐਨ.ਆਈ.ਟੀ ਦੀਆਂ ਸ਼ਰਤਾਂ ਅਨੁਸਾਰ ਇਹਨਾਂ ਕੰਮਾਂ ਲਈ ਪ੍ਰਾਪਤ ਟੈਂਡਰਾਂ ਵਿੱਚੋ ਸਟਾਰ ਰੇਟ ਕੈਲਕੁਲੇਟ ਕਰਕੇ ਵੱਖ-ਵੱਖ ਹਲਕੀਆਂ ਦੇ ਕੰਮ ਇਕ ਹੀ ਰੇਟ ਤੇ ਅਲੀਜੀਬਿਲਟੀ ਕਰਾਈਟੀਰਿਆ ਅਨੁਸਾਰ ਠੇਕੇਦਾਰਾਂ ਨੂੰ ਅਲਾਟ ਕੀਤੇ ਜਾਣੇ ਹਨ।

ਵੈਸਟ ਹਲਕੇ ਦੇ 3 ਟੈਂਡਰ ਪ੍ਰਾਪਤ ਹੋਏ ਹਨ, ਜਿਸ ਵਿੱਚ ਘੱਟ ਰੇਟਾਂ ਦਾ ਟੈਂਡਰ ਮੈਸਰਜ਼ ਵਿਸ਼ਾਲ ਗੋਰਮੈਂਟ ਕੰਟਰੈਕਟਰ ਦਾ ਹੈ, ਜਿਸ ਨੇ 35.35% ਸੇਵਿੰਗ ਆਫਰ ਕੀਤੀ ਹੈ, ਪਰੰਤੂ ਐਨ.ਆਈ.ਟੀ ਦੀ ਕੰਡੀਸ਼ਨਜ਼ ਅਨੁਸਾਰ ਇਸ ਅਜੰਸੀ ਨੂੰ 37.11% ਸੇਵਿੰਗ ਤੇ ਕੰਮ ਅਲਾਟ ਕੀਤਾ ਜਾਣਾ ਬਣਦਾ ਹੈ।

ਕੈਂਟ ਹਲਕੇ ਦੇ 2 ਟੈਂਡਰ ਪ੍ਰਾਪਤ ਹੋਏ ਹਨ, ਜਿਸ ਵਿੱਚ ਘੱਟ ਰੇਟਾਂ ਦਾ ਟੈਂਡਰ ਮੈਸਰਜ਼ ਵਿਸ਼ਾਲ ਗੋਰਮੈਂਟ ਕੰਟਰੈਕਟਰ ਦਾ ਹੈ, ਜਿਸ ਨੇ 37.11% ਸੇਵਿੰਗ ਆਫਰ ਕੀਤੀ ਹੈ, ਇਸ ਅਜੰਸੀ ਨੂੰ 37.11% ਸੇਵਿੰਗ ਤੇ ਕੰਮ ਅਲਾਟ ਕੀਤਾ ਜਾਣਾ ਬਣਦਾ ਹੈ।

ਨਾਰਥ ਹਲਕੇ ਦਾ 1 ਟੈਂਡਰ ਪ੍ਰਾਪਤ ਹੋਇਆ ਹੈ, ਜਿਸ ਵਿੱਚ ਘੱਟ ਰੇਟ ਦਾ ਟੈਂਡਰ ਮੈਸਰਜ਼ ਗੋਰਵ ਗੁਪਤਾ ਦਾ ਹੈ, ਜਿਸ ਨੇ 16.13% ਸੇਵਿੰਗ ਆਫਰ ਕੀਤੀ ਹੈ, ਪਰੰਤੂ ਐਨ.ਆਈ.ਟੀ ਦੀ ਕੰਡੀਸ਼ਨਜ਼ ਅਨੁਸਾਰ ਇਸ ਅਜੰਸੀ ਨੂੰ 37.11% ਸੇਵਿੰਗ ਤੇ ਕੰਮ ਅਲਾਟ ਕੀਤਾ ਜਾਣਾ ਬਣਦਾ ਹੈ।

ਸੈਂਟਰਲ ਹਲਕੇ ਦਾ 1 ਟੈਂਡਰ ਪ੍ਰਾਪਤ ਹੋਇਆ ਹੈ, ਜਿਸ ਵਿੱਚ ਘੱਟ ਰੇਟ ਦਾ ਟੈਂਡਰ ਮੈਸਰਜ਼ ਗੋਰਵ ਗੁਪਤਾ ਦਾ ਹੈ, ਜਿਸ ਨੇ 15.13% ਸੇਵਿੰਗ ਆਫਰ ਕੀਤੀ ਹੈ, ਪਰੰਤੂ ਐਨ.ਆਈ.ਟੀ ਦੀ ਕੰਡੀਸ਼ਨਜ਼ ਅਨੁਸਾਰ ਇਸ ਅਜੰਸੀ ਨੂੰ 37.11% ਸੇਵਿੰਗ ਤੇ ਕੰਮ ਅਲਾਟ ਕੀਤਾ ਜਾਣਾ ਬਣਦਾ ਹੈ।

ਹੈਲਥ ਅਫਸਰ ਵਲੋਂ ਲਿਖਿਆ ਹੈ ਕਿ ਨਗਰ ਨਿਗਮ ਵੱਲੋਂ ਪ੍ਰਕਾਸ਼ਿਤ ਐਨ.ਆਈ.ਟੀ ਦੀਆਂ ਸ਼ਰਤਾਂ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਅਨੁਸਾਰ ਵੱਖ-ਵੱਖ ਅਜੰਸੀਆਂ ਨੂੰ ਸਟਾਰ ਰੇਟ ਵਾਲੀ ਐਨ.ਆਈ.ਟੀ ਦੀ ਕੰਡੀਸ਼ਨ ਅਨੁਸਾਰ 37.11% ਦੀ ਸੇਵਿੰਗ ਤੇ ਅਲਾਟ ਕਰਨਾ ਬਣਦਾ ਹੈ। ਇਸ ਲਈ ਇਹ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ। ਕਾਰਜਕਾਰੀ ਇੰਜੀਨਿਅਰ ਨੇ ਸਿਫਾਰਸ਼ ਕੀਤੀ ਹੈ । ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਮਿਤੀ 29.11.19 ਰਾਹੀਂ ਸਿਫਾਰਸ਼ ਕੀਤੀ ਹੈ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 3.12.2019 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ। ਫੈਸਲਾ ਹੋਇਆ ਕਿ ਇਹਨਾਂ ਟਰਾਲੀਆਂ ਪਾਸੋਂ ਲਏ ਜਾਣ ਵਾਲੇ ਕੰਮਾਂ ਲਈ ਕੀਤੀ ਗਈ ਪਲਾਨਿੰਗ ਸਬੰਧੀ ਰਿਪੋਰਟ ਲਿਖ਼ਤੀ ਰੂਪ ਵਿੱਚ ਕਮੇਟੀ ਨੂੰ ਪੇਸ਼ ਕੀਤੀ ਜਾਵੇ । ਇਹ ਵੀ ਫੈਸਲਾ ਹੋਇਆ ਕਿ ਪਿਛਲੀਆਂ ਟਰਾਲੀਆਂ ਨੂੰ ਐਨ.ਆਈ.ਟੀ. ਦੀਆਂ ਸ਼ਰਤਾਂ ਅਨੁਸਾਰ ਲਗਾਏ ਗਏ ਜੁਰਮਾਨੇ ਸਬੰਧੀ ਸਮੇਤ ਮਿਸਲਾਂ ਕਮੇਟੀ ਨੂੰ ਪੇਸ਼ ਕੀਤੀਆਂ ਜਾਣ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
6.12.2019

ਇਸ ਉਪਰੰਤ ਕਮੇਟੀ ਦੀ ਸਹਿਮਤੀ ਅਤੇ ਮੇਅਰ ਜੀ ਦੀ ਆਗਿਆ ਨਾਲ ਮੱਦ ਨੰ: 206 ਅਜੰਡੇ ਦੇ ਬਾਹਰੋਂ ਲਈ ਗਈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
6.12.2019

ਮਤਾ ਨੰਬਰ:-206

ਵਿਸ਼ਾ:- ਪ੍ਰਚੇਜ਼ ਆਫ ਇੰਮਪਲਾਈਰ ਕੇ.ਐਸ.ਬੀ ਮੇਕ ਨੋਨ ਕਲੋਗ ਸੀਵਰੇਜ਼ ਸਬਮਰਸੀਬਲ ਆਫ 48 ਕੇ.ਵੀ ਫਾਰ ਕਿਸ਼ਨਪੁਰਾ ਡਿਸਪੋਜਲ।

ਪੜ੍ਹਿਆ ਨੋਟ ਡਿਪਟੀ ਕੰਟਰੋਲਰ (ਵਿੱਤ ਅਤੇ ਲੇਖਾ) ਮਿਤੀ 22.11.2019 ਕਿ ਉਪਰੋਕਤ ਵਿਸ਼ੇ ਤੇ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 138 ਮਿਤੀ 26-09-2019 ਰਾਂਹੀ ਇਹ ਫੈਸਲਾ ਲਇਆ ਗਿਆ ਸੀ ਕਿ ਪ੍ਰਚੇਜ਼ ਆਫ ਇੰਮਪਲਾਈਰ ਕੇ.ਐਸ.ਬੀ ਮੇਕ ਨੋਨ ਕਲੋਗ ਸੀਵਰੇਜ਼ ਸਬਮਰਸੀਬਲ ਆਫ 48 ਕੇ.ਵੀ ਫਾਰ ਕਿਸ਼ਨਪੁਰਾ ਡਿਸਪੋਜਲ ਬਾਬਤ ਲੜੀ ਨੰ: 1 ਤੇ ਨਾਹਲ ਕੋ ਆਪ ਐਲ ਸੀ ਸੁਸਾਇਟੀ ਨੇ ਜ਼ੋ ਟੈਂਡਰ ਪਾਇਆ ਹੈ ਇਸ ਨੂੰ ਲੰਬਿਤ ਰਖ ਕੇ ਨਿਮਨ ਹਸਤਾਖਰ ਸਬੰਧਤ ਮਿਸਲ ਘੋਖ ਕੇ ਰਿਪੋਰਟ ਕਰੇ।

ਮਿਸਲ ਵਾਚਣ ਤੋ ਪਤਾ ਲਗਦਾ ਹੈ ਕਿ ਤਖਮੀਨਾ ਇੰਮਪਲਾਈਰ ਕੇ.ਐਸ.ਬੀ ਮੇਕ ਨੋਨ ਕਲੋਗ ਵਿਸ਼ੇ ਦੀ ਖਰੀਦ ਕਰਨ ਬਾਰੇ ਹੈ, ਜ਼ੋ ਨਗਰ ਨਿਗਮ ਨੇ ਅਪਣੇ ਮਤਾ ਨੰ: 159/ ਮਿਤੀ 18/10/2018 ਰਾਂਹੀ ਪ੍ਰਵਾਨ ਕੀਤਾ ਹੈ। ਇਸ ਉਪਰੰਤ ਨਿਗਰਾਨ ਇੰਜਿਨੀਅਰ ਓ.ਐਂਡ.ਐਮ ਵੱਲੋ ਐਨ ਆਈ ਟੀ ਵਿਚ ਦਰਸਾਇਆ ਸੀ ਕਿ ਇਹ ਵਾਟਰ ਸਪਲਾਈ ਨਾਲ ਸਬੰਧਿਤ ਹੈ ਅਤੇ ਜਿਹੜੀਆ ਐਲ ਸੀ ਸੁਸਾਇਟੀਆਂ / ਠੇਕੇਦਾਰ ਵਾਟਰ ਸਪਲਾਈ ਅਤੇ ਸੀਵਰੇਜ਼ ਦੇ ਕੰਮਾਂ ਨੂੰ ਕਰਨ ਲਈ ਸਥਾਨਕ ਸਰਕਾਰ ਪੰਜਾਬ ਜਾਂ ਕਿਸੇ ਹੋਰ ਪੰਜਾਬ ਸਰਕਾਰ ਦੇ ਅਧਾਰੇ ਵਿੱਚ ਲਿਸਟਿਡ ਹੋਣ ਉਹ ਹੀ ਟੈਂਡਰ ਪਾ ਸਕਦੇ ਹਨ। ਮਿਸਲ ਤੇ ਵੱਖ-2 ਸਮੇਂ ਤੇ ਜ਼ੋ ਟੈਡਰ ਪਾਏ ਗਏ ਹਨ ਦੀ ਇਨ ਲਿਸਟਮੈਂਟ ਸਰਟੀਫਿਕੇਟ ਦੀ ਸੂਚੀ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਸਭਾ / ਠੇਕੇਦਾਰ ਦਾ ਨਾਮ | ਜਿਸ ਕੈਟਾਗਰੀ ਲਈ ਅਣਲਿਸਟਿਡ ਕੀਤਾ ਹੈ। |
|---|---|---|
| 1 | ਨਾਹਲ ਕੋ ਆਪ ਐਲ ਸੀ ਸਭਾ | ਸਿਵਲ ਕੰਮ |
| 2 | ਗੁਰੂ ਨਾਨਕ ਇੰਜੀਨੀਅਰਿੰਗ ਵਰਕਜ਼ | ਪਬਲਿਕ ਹੈਲਥ ਇਜੀਨੀਅਰਿੰਗ ਵਰਕ ਵਾਟਰ ਸਪਲਾਈ, ਸੈਨਟਰੀ, ਇੰਸਟਾਲੇਸ਼ਨ ਐਂਡ ਸੀਵਰੇਜ਼ ਨਿਊਬਵੈਲ ਬੋਰਿੰਗ ਓ ਐਚ ਆਰ ਐਸ ਦੇ ਕੰਮ |
| 3 | ਪੰਜਾਬ ਇੰਜੀਨੀਅਰਿੰਗ ਕੋ ਆਪ ਐਲ ਸੀ ਸਭਾ | ਰੋਡ ਵਰਕਸ |
| 4 | ਧਰਮ ਕੋਟ ਕੋ ਆਪ ਐਲ ਸੀ ਸਭਾ | ਸਿਵਲ ਕੈਟਾਗਰੀ ਦੇ ਕੰਮ |

ਐਨ ਆਈ ਟੀ ਵਿੱਚ ਦਰਸਾਈਆਂ ਸ਼ਰਤਾਂ ਤੋ ਸਪੱਸ਼ਟ ਹੈ ਕਿ ਸਿਰਫ ਤੇ ਸਿਰਫ ਗੁਰੂ ਨਾਨਕ ਇੰਜੀਨੀਅਰਿੰਗ ਵਰਕਜ਼ ਹੀ ਸ਼ਰਤਾਂ ਪੂਰੀਆਂ ਕਰਦਾ ਹੈ। ਇਸ ਕੇਸ ਵਿੱਚ ਨਾਹਲ ਕੋ ਆਪ ਐਲ ਸੀ ਸੁਸਾਇਟੀ ਦਾ ਟੈਂਡਰ ਮੰਜੂਰ ਕਰਨ ਲਈ ਲਿਖਿਆ ਗਿਆ ਹੈ, ਜ਼ੋ ਕਿ ਐਨ ਆਈ ਟੀ ਅਤੇ ਐਨਾਲਿਸਟਮੈਂਟ ਸਰਟੀਫਿਕੇਟ ਮੁਤਾਬਿਕ ਸਪਲਾਈ ਦਾ ਕੰਮ ਹੀ ਨਹੀ ਕਰ ਸਕਦਾ।ਕੋ ਆਪ ਲੇਬਰ ਐਂਡ ਕਨਸਟਰਕਸ਼ਨ ਸੁਸਾਇਟੀ ਮੁੱਖ ਤੌਰ ਤੇ ਲੇਬਰ ਅਤੇ ਉਸਾਰੀ ਨਾਲ ਸਬੰਧਤ ਕੰਮ ਕਰ ਸਕਦੀ ਹੈ, ਪ੍ਰੰਤੂ ਹੱਥਲੇ ਕੇਸ ਵਿੱਚ ਨਾ ਤਾਂ ਲੇਬਰ ਅਤੇ ਨਾ ਹੀ ਉਸਾਰੀ ਸ਼ਾਮਲ ਹੈ।

ਪਰੰਤੂ ਜੱਦ ਓ.ਐਂਡ.ਐਮ ਸ਼ਾਖਾ ਨੂੰ ਉਪਰੋਕਤ ਸਬੰਧੀ ਰਿਪੋਰਟ ਕਰਨ ਲਈ ਲਿਖਿਆ ਤਾਂ ਬਜਾਏ ਐਨ ਆਈ ਟੀ ਅਤੇ ਐਨਾਲਿਸਟ ਸਰਟੀਫਿਕੇਟ ਨੂੰ ਦੇਖਦੇ ਹੋਏ ਇਹ ਰਿਪੋਰਟ ਕੀਤੀ ਕਿ ਨਾਹਲ ਕੋ ਆਪ ਐਲ ਸੀ ਸੁਸਾਇਟੀ ਨਗਰ ਨਿਗਮ ਜਲੰਧਰ ਲਈ ਗੁਰੂ ਅਮਰ ਦਾਸ ਨਗਰ ਅਤੇ ਪਿੰਡ ਰੇਰੂ ਲਈ ਨੋਨ ਕਲੋਗ ਸੀਵਰੇਜ਼ ਪੰਪ ਮੁੱਹਇਆ ਅਤੇ ਲਗਾ ਰਿਹੀ ਹੈ।ਇਸ ਤੋ ਭਾਵ ਹੈ ਕਿ ਓ.ਐਂਡ.ਐਮ ਸ਼ਾਖਾ ਇਹ ਕਹਿਣਾ ਚਾਹੁੰਦੀ ਹੈ ਕਿ ਜੇਕਰ ਪਹਿਲਾ ਕੋਈ ਗਲਤੀ ਹੋ ਜਾਦੀ ਹੈ ਤਾਂ ਉਸਨੂੰ ਅਧਾਰ ਬਣਾ ਕੇ ਉਹ ਗਲਤੀ ਅੱਗੋ ਕੀਤੀ ਜਾ ਸਕਦੀ ਹੈ ਜ਼ੋ ਸਿਧਾਂਤਕ ਤੌਰ ਤੇ ਗਲਤ ਵਿਚਾਰਧਾਰਾ ਹੈ ਇਸ ਲਈ ਇਹ ਕੇਸ ਵਿੱਤ ਅਤੇ ਠੇਕਾ ਕਮੇਟੀ ਨੂੰ ਭੇਜਣ ਤੋ ਪਹਿਲਾ ਓ.ਐਂਡ.ਐਮ ਸ਼ਾਖਾ ਤੋ ਰਿਪੋਰਟ ਲੈਣਾ ਵਾਜਿਬ ਹੋਵੇਗਾ ਜੀ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 4.12.2019 ਰਾਹੀਂ ਟੈਂਡਰ ਮੁੜ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਇਹ ਟੈਂਡਰ ਰੱਦ ਕੀਤਾ ਜਾਂਦਾ ਹੈ । ਇਸ ਦਾ ਮੁੜ੍ਹ ਟੈਂਡਰ ਲਗਾਇਆ ਜਾਵੇ। ਇਹ ਵੀ ਫੈਸਲਾ ਹੋਇਆ ਕਿ ਭਵਿੱਖ ਵਿੱਚ ਅਜਿਹੇ ਕੇਸਾਂ ਵਿੱਚ ਜਿੰਮੇਵਾਰੀ ਮੁੱਕਰਰ ਕੀਤੀ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

6.12.2019